ੴ ਸਤਿਗੁਰਪ੍ਰਸਾਦਿ॥

ਦੇਗ਼ ਤੇਗ਼ੋ ਫ਼ਤਹ ਨੁਸਰਤ ਬੇਦਰੰਗ, ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ ।

ਸ੍ਰੀ ਅਕਾਲ ਪੁਰਖੁ ਜੀ ਸਹਾਇ ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

## ਅਥ ਮ੍ਰਿਯਾਦਾ ਪ੍ਰਬੋਧ ਬਰਣਿਨ

## ਧਿਆਇ ੨

ਏਕ ਦਫ਼ਾ ਫ਼ਰੀਦਕੋਟ ਕੇ ਬੁੰਗੇ ਮੈ, ਪਿਛਲੀ ਤ੍ਰਫ਼ ਪੰਗਤ ਲਗੀ ਥੀ । ਲੰਗਰ ਏਕ ਯਾਤਰੂ ਨੇ ਕਰਾਯਾ ਥਾ । ਪੰਗਤ ਵਿਚੁ ਹਜ਼ੂਰ ਸਾਹਿਬ ਦੇ ਬੜੇ ਲੰਗਰ ਮੇਂ ਲਾਂਗਰੀ ਬੈਠੇ ਥੇ । ਸਾਮਨੇ ਪੰਗਤ ਵਿਚ ਦੋ ਮੰਨੇ-ਪਰ-ਮੰਨੇ ਵਿਦਵਾਨ ਗਿਆਨੀ ਆ ਕੇ ਬੈਠੇ ਥੇ । ਉਨ੍ਹੋਂ ਪ੍ਰਸ਼ਨ ਕੀਯਾ ਕਿ ਕਿਉਂ ਲਾਂਗ੍ਰੀ ਸਿੰਘ ਜੀ, ਜੋ ਹਮ ਮੰਜੀ ਸਾਹਿਬ ਕੀ ਪੂਜਾ ਕਰਤੇ ਹੈਂ ਔਰ ਨਮਸ਼ਕਾਰ ਕਰਤੇ ਹੈਂ, ਏਹ ਗੁਰੂ ਸਾਹਿਬ ਕੇ ਉਲਟ ਕਰਤੇ ਹੈਂ ਯਾ ਨਹੀਂ ? ਲਾਂਗਰੀ ਸਿੰਘ ਨੇ ਕਹਾ ਕਿ ਸ੍ਰੀਮਾਨ ਜੀ, ਕੌਨ ਸੇ ਹੁਕਮ ਕੇ ਉਲਟ ਕਰ ਰਹੇ ਹੈਂ ? ਸੁਣਾਓ ਤੋ ਸਹੀ ।

ਉਨ ਮੇਂ ਸੇ ਏਕ ਨੇ ਦਸਮ ਪਾਤਸ਼ਾਹੀ ਕਾ ਸਵੈਯਾ ਸੁਣਾਯਾ, "ਜਾਗਤਿ ਜੋਤ ਜਪੈ ਨਿਸ ਬਾਸੁਰ"[੧] । ਏਹ ਸਵੈਯੇ ਮੇਂ ਸੇ ਗਿਯਾਨੀ ਸਿੰਘ ਜੀ ਨੇ ਏਹ ਤੁੱਕਾਂ ਸੁਨਾਈਆਂ, "ਗੋਰ ਮੜ੍ਹੀ ਮਟ ਭੂਲ ਨ ਮਾਨੈ"[੨] । ਹਮ ਜੋ ਇਹ ਮਾਨ ਰਹੇ ਹੈ, ਗੁਰੂ ਸਾਹਿਬ ਕੇ ਉਲਟ ਕਰ ਰਹੇ ਹੈਂ ਕਿ ਨਹੀਂ ?

ਲਾਂਗਰੀ ਸਿੰਘ ਨੇ ਕਹਾ ਕਿ ਏਹ ਕਾਮ ਆਪੁ ਗਿਯਾਨੀ ਲੋਕੋਂ ਕਾ ਹੈ । ਹਮ ਕੋ ਤੋ ਲੰਗਰ ਕੇ ਕਾਮ ਕਾ ਹੀ ਮਾਲੂਮ ਹੈ । ਫੇਰ ਓਹ ਦੋਨੋਂ ਗਿਆਨੀ ਨੇ ਕਹਾ ਕਿ ਆਪ ਇਸ ਕੋ ਕੈਸਾ ਮਾਨਤੇ ਹੈ ? ਏਹ ਸੁਨ ਕਰ ਲਾਂਗਰੀ ਸਿੰਘ ਜੀ ਅਪਨੇ ਰੰਗ ਮੇ ਹੋ ਕਰ ਕਹਿਨੇ ਲਗੇ, 'ਵਾਹ ਗਿਆਨੀ ਸਿੰਘੋ, ਆਜ ਤਕ ਆਪੁ ਕੋ ਏਹ ਨਹੀਂ

---

[੧] ਪੰਨਾ ੭੧੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨] ਪੰਨਾ ੭੧੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਮਾਲੂਮ ਹੁਵਾ ਕਿ ਮੜ੍ਹੀ ਕਿਸ ਕੋ ਕਹਿਤੇ ਹੈਂ ਔਰ ਗੋਰ ਕਿਸ ਕੋ ਕਹਿਤੇ ਹੈਂ ? ਫੇਰ ਓਹ ਗਿਆਨੀ ਨੇ ਕਹਾ ਕਿ ਆਪ ਹੀ ਬਤਾਈਏ ।

ਤਬ ਲਾਂਗਰੀ ਸਿੰਘ ਨੇ ਕਹਾ, "ਗੋਰ ਉਸ ਕੋ ਕਹਿਤੇ ਹੈਂ, ਜਿਸ ਮੇ ਮੁਰਦਾ ਗਾਡਿਆ ਜਾਤਾ ਹੈ ਔਰ ਮੜ੍ਹੀ ਉਸ ਕੋ ਕਹਿਤੇ ਹੈਂ, ਜਿਸ ਮੇ ਪ੍ਰਾਣੀ ਕੇ, ਇਨਸਾਨ ਕੇ ਹੱਡੀਆਂ ਰਖਤੇ ਹੈਂ । ਮੱਠ ਉਸ ਕੋ ਕਹਿਤੇ ਹੈਂ, ਜਿਸ ਮੇਂ ਕਿਸੀ ਮਹਾ ਪੁਰਸ਼ ਕੇ ਮ੍ਰਿਤਕ ਸਰੀਰ ਕੋ ਬਿਠਾ ਕਰ ਛਪੇਰੀ ਮਸਾਲੇ ਪਾ ਕਰ ਮੱਠ ਬਨਾ ਕਰ ਉਸ ਪਰ ਥੋੜ੍ਹਾ ਬਨਾ ਦੇਤੇ ਹੈਂ, ਉਸ ਕੋ ਮੱਠ ਕਹਿਤੇ ਹੈਂ । ਯਹਾਂ ਪਰ ਮਹਾਰਾਜ ਜੀ ਕੀ ਸਮਾਧੀ ਹੈ । ਤੀਨੋਂ ਮੇ ਸੇ ਭੀ ਨਹੀਂ ਹੈ, ਕਿਉਂਕਿ ਮਹਾਰਾਜ ਸਣੇ ਦੇਹ ਚਲੇ ਗਏ ਥੇ । ਇਸ ਸੇ ਏਹ ਸਿੱਧ ਹੂਵਾ ਕਿ ਏਹ ਸਮਾਧੀ ਮੇਂ ਗੁਰੂ ਮਹਾਰਾਜ ਜੀ ਕਾ ਨਾ ਇਸ ਮੇਂ ਸ਼ਰੀਰ ਹੈ, ਨਾ ਮਹਾਰਾਜ ਜੀ ਕੇ ਫੁੱਲ ਹੈਂ । ਏਹ ਮਹਾਰਾਜ ਜੀ ਕੇ ਸਮਾਧੀ ਮੇਂ ਫ਼ਕਤ ਏਕ ਕਿਰਪਾਨ ਅਸਥਾਪਨ ਕੀ ਗਈ ਹੈ, ਜੋ ਉਸ ਵਕਤ ਮਹਾਰਾਜ ਜੀ ਕੇ ਅੰਗੀਠੇ ਸੇ ਨਿਕਲੀ ਥੀ, ਜੋ ਮਿਲੀ ਥੀ, ਬਤੌਰ ਨਿਸ਼ਾਨੀ । ਇਸ ਲੀਏ ਅਗ੍ਰ ਸਮਾਧੀ ਪ੍ਰ ਸੇ ਸਭ ਸ਼ਸਤ੍ਰ ਬਸਤ੍ਰ ਬਾਜੁ ਨਿਕਾਲ ਕਰ ਰਖ ਦੀਜੈ, ਫੇਰ ਭੀ ਹਮ ਨਮਸਕਾਰ ਕਰੈਂਗੇ, ਮੱਥਾ ਟੇਕੈਂਗੇ । ਫੇਰ ਭੀ ਹਮਾਰੇ ਕੋ ਉਹ ਹੁਕਮ, ਓਹ ਕਾਨੂੰਨ ਮਹਾਰਾਜ ਜੀ ਕਾ ਹਮਾਰੇ ਪ੍ਰ ਲਾਗੂ ਨਹੀਂ ਹੋਏਗਾ ਕਿ 'ਗੋਰ ਮੜ੍ਹੀ ਮਠ ਭੂਲ ਨ ਮਾਨੈ', ਕਿਉਂਕਿ ਹਮ ਨਮਸ਼ਕਾਰ, ਮੱਥਾ ਟੇਕੈਂਗੇ, ਤੋ ਹਮਾਰੀ ਨਮਸ਼ਕਾਰ ਮੰਜੀ ਸਾਹਿਬ ਕੇ ਅੰਦਰ ਜੋ ਕਿਰਪਾਨ ਅਸਥਾਪਨ ਕੀ ਗਈ, ਉਸ ਕੋ ਹੋਵੇਗੀ । ਕਿਰਪਾਨ ਨਿਕਲੀ, ਜੋ ਅਸਥਾਪਨ ਕਰੀ । ਇਸ ਕਾ ਖੁਲਾਸਾ ਜ਼ਿਕਰ ਵਿਸਥਾਰ ਪੂਰਬਕ ਰਹਿਰਾਸੀਆ ਕਿਸ਼ਨ ਸਿੰਘ ਜੀ ਕੇ ਪਾਸ ਜੋ ਸਾਖੀ ਹੈ, ਉਸ ਮੇਂ ਹੈ ।

## ਅਖੰਠ ਪਾਠ ਬਾਰੇ (ਨੰ: ੨)

ਫੇਰ ਦੂਸਰੇ ਗਿਆਨੀ ਸਿੰਘ ਜੀ ਨੇ ਪ੍ਰਸ਼ਨ ਕੀਯਾ ਕਿ ਕਿਉਂ ਲਾਂਗਰੀ ਸਿੰਘ ਜੀ, ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਅਖੰਡ ਪਾਠ ਕੇ ਸਾਥ ਅਗਰ ਜਪੁਜੀ ਸਾਹਿਬ ਕੇ ਬਜਾਏ ਸੁਖਮਨੀ ਸਾਹਿਬ ਰੱਖ ਦੀਯਾ ਜਾਏ, ਤੋ ਕਿਆ ਹਰਜ ਹੈ? ਇਸ ਪ੍ਰ ਲਾਂਗਰੀ ਸਿੰਘ ਨੇ ਕਹਾ ਕਿ ਗਿਆਨੀ ਸਿੰਘ ਜੀ, ਆਪ ਲੋਕ ਕਥਾ ਮੇਂ ਸੁਨਾਤੇ ਹੈਂ ਕਿ ਏਕ ਉਅੰਕਾਰ (ੴ) ਕਾ ਵਿਸਥਾਰ ਜਪੁ ਜੀ ਸਾਹਿਬ ਔਰ ਜਪੁ ਜੀ ਸਾਹਿਬ ਕਾ ਵਿਸਥਾਰ ਪੂਰਾ ਗੁਰੂ ਗ੍ਰਿੰਥ ਸਾਹਿਬ । ਇਸ ਲੀਏ ਜਪੁ ਜੀ ਸਾਹਿਬ ਕਾ ਪਾਠ ਹੋਨਾ ਠੀਕ ਹੈ ।

## ਨੰ: ੩

ੴ ਏਕ ਦਫ਼ਾ ਬਾਗ੍ਹਾਂ ਦਰੀ ਕੇ ਸਾਮਨੇ ਕੁਛ ਪ੍ਰੇਮੀ ਬੈਠੇ ਸਨ । ਬਚਨ ਬਿਲਾਸ ਕਰ ਰਹੇ ਥੇ । ਏਕ ਪ੍ਰੇਮੀ ਨੇ ਪ੍ਰਸ਼ਨ ਕੀਤਾ: -

ਪ੍ਰਸ਼ਨ: ਤਖ਼ਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਬਾਹਰ ਹੁੰਦੀ ਹੈ । ਅੰਦਰ ਪੂਜਾ ਅੱਡ ਹੁੰਦੀ ਹੈ । ਏਹ ਅੰਦਰ ਦੀ ਪੂਜਾ ਭੀ ਮਹਾਰਾਜ ਜੀ ਦੇ ਹੁਕਮ ਨਾਲ ਹੁੰਦੀ ਹੈ?

ਉੱਤਰ: ਹਾਂ ਭਾਈ ਪ੍ਰੇਮੀਆ, ਅੰਦਰ ਦੀ ਪੂਜਾ ਮਹਾਰਾਜ ਜੀ ਦੇ, ਗੁਰਬਾਣੀ ਦੇ, ਭਾਈ ਗੁਰਦਾਸ ਜੀ ਦੀ ਬਾਣੀ ਦੇ ਹੁਕਮ ਦੁਵਾਰਾ ਹੁੰਦੀ ਹੈ । ਸੋਢੀ ਸੁਲਤਾਨ ਗੁਰੂ ਰਾਮਦਾਸ ਸਾਹਿਬ ਜੀ ਅਪਨੀ ਬਾਣੀ ਵਿੱਚ ਇਸਤ੍ਰਾਂ ਫੁਰਮਾਓਂਦੇ ਹਨ: -

(ਆਸਾ ਮਹਲਾ ੪ ॥)
ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖ ੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ ਜਿਨੑ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ੨ ॥ [੩]

ਏਸ ਦਾ ਭਾਵ ਅਰਥ ਏਹ ਹੋਇਆ ਕਿ ਜਿੱਥੇ ਜਿੱਥੇ ਭੀ ਸਤਿਗੁਰੂ ਸਾਹਿਬ ਜੀ ਬੈਠੇ ਹਨ, ਸੋ ਥਾਨ ਸੋਹਾਵਾ । ਸੁਹਾਵਾ ਦਾ ਅ੍ਰਥ ਸੋਹਣਾ । ਜੇ ਬਨਿਆ ਹੈ, ਤਾਂ ਵਾਹ ਵਾਹ; ਨਹੀਂ ਬਨਿਆ, ਤਾਂ ਓਸ ਅਸਥਾਨ ਨੂੰ ਸੁਹਾਵਾ ਵ ਸੋਨਾ ਬਨਾਓ । ਅਗਲੀ ਤੁੱਕ ਵਿੱਚ ਮਹਾਰਾਜ ਫੁਰਮਾਉਂਦੇ ਹਨ ਕਿ 'ਤਿਨ ਹਰਿ ਪੂਜ ਕਰਾਵਾ' । ਇੱਥੇ ਖ਼ਾਸ ਪੂਜਾ ਦਾ ਆਡਰ ਹੈ ਵ ਜ਼ਿਕਰ ਹੈ ।

ਵਾਰ ਭਾਈ ਗੁਰਦਾਸ ਜੀ: 'ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ' । [੪]

ਇੱਥੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਅਪਨੀ ਬਾਣੀ ਵਿੱਚ, 'ਜਿਥੇ ਬਾਬਾ ਪੈਰੁ ਧਰੇ', ਜਿੱਥੇ ਜਿੱਥੇ ਭੀ ਗੁਰੂ ਬਾਬਾ ਨਾਨਕ ਦੇਵ ਜੀ ਨੇ ਚਰਨ ਧਰੇ ਹਨ, ਵ ਚਰਨ ਰੱਖੇ ਹੈਂ, ਓਹ ਅਸਥਾਨ ਪੂਜਨ ਜੋਗ ਹੈ । ਓਥੇ ਏਹ ਜ਼ਿਕਰ ਨਹੀਂ ਆਯਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈਂ, ਉਸੇ ਜਗ੍ਹਾ ਦੀ ਪੂਜਾ ਕਰੋ ਵ ਸਤਿਕਾਰ ਕਰੋ । ਇਹ ਥਾਂ ਤਾਂ ਗੁਰੂ ਰਾਮਦਾਸ ਸਾਹਿਬ ਜੀ ਹੁਕਮ ਦੇਂਦੇ ਹਨ ਕਿ ' ਜਿਥੈ ਜਾਇ ਬਹੈ ਮੇਰਾ ਸਤਿਗੁਰ' [੫] । ਜਿੱਥੇ ਜਿੱਥੇ ਭੀ ਸਤਿਗੁਰੂ ਬੈਠੇ ਹਨ, ਕੋਈ ਕੌਤਕ ਕੀਤੇ ਹਨ, ਓਹੀ ਅਸਥਾਨ ਸੋਹਣੇ ਹਨ ਵ ਸੁਹਾਵੇ ਹਨ । ਉਸੇ ਅਸਥਾਨ ਦੀ ਪੂਜਾ ਕਰੋ । ਓਹ ਅਸਥਾਨ ਭਾਲ ਭਾਲ ਕੇ ਓਥੋਂ ਦੀ ਧੂੜੀ ਲੈ ਕੇ ਮਸਤਕ ਤੇ ਲਾਵੋ । ਏਹ ਭਾਲਨ ਦੀ ਸੇਵਾ ਘਾਲ ਥਾਂਇ ਪਏਗੀ । ਜੇੜ੍ਹਾ ਭੀ ਸਤਿਗੁਰੂ ਬਾਬਾ ਨਾਨਕ ਜੀ ਦੇ ਅਸਥਾਨ ਨੂੰ ਗੁਰੂ ਰੂਪ ਸਮਝ ਕੇ ਸੇਵਾ ਪੂਜਾ ਕਰੇਗਾ, ਤਾਂ ਉਨ੍ਹਾਂ ਨੂੰ ਹਰੀ ਪ੍ਰਮਾਤਮਾ ਨਿਰੰਕਾਰ ਦੀ ਪੂਜਾ ਦਾ ਸੇਵਾ ਫਲ ਪ੍ਰਾਪਤ ਹੋਇਗਾ ।

ਭਾਈ ਗੁਰਦਾਸ ਜੀ ਦਾ ਫੁਰਮਾਨ: ' ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ' । [੬]

---

[੩] ਪੰਨਾ ੪੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪] ਪਉੜੀ ੨੭, ਵਾਰ ਪਹਿਲੀ ।

[੫] ਆਸਾ ਮਹਲਾ ੪, ਪੰਨਾ ੪੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੬] ਪਉੜੀ ੨੭, ਵਾਰ ਪਹਿਲੀ ।

ਇਸ ਦਾ ਭਾਵ ਅ੍ਰਥ, 'ਜਿੱਥੇ ਭੀ ਗੁਰੂ ਸਾਹਿਬ ਜੀ ਨੇ ਚਰਨ ਪਾਇ ਹਨ, ਉਸ ਉਸ ਅਸਥਾਨ ਦੀ ਪੂਜਾ ਕਰੋ । ਉਸੇ ਅਸਥਾਨ ਤੇ ਗੁਰੂ ਸਾਹਿਬ ਜੀ ਦਾ ਆਸਨ ਬਨਾਓ ਵ ਮੰਜੀ ਸਾਹਿਬ ਬਨਾਓ । 'ਆਸਣੁ ਥਾਪਣਿ' ਦਾ ਅਰਥ 'ਬਨਾਓ' । ਤਖ਼ਤ ਹਜ਼ੂਰ ਸਾਹਿਬ ਜੀ ਤੇ ਜੋ ਭੀ ਕੁਛ ਹੋ ਰਿਹਾ ਹੈ, ਸਬ ਮਹਾਰਾਜ ਜੀ ਦੇ ਹੁਕਮ ਨਾਲ ਹੋ ਰਹਿਆ ਹੈ ।